ਨੰ: 11/9/2005-2ਸਿੱ.3/ 11710

(20)

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-3 ਸ਼ਾਖਾ)

ਸੇਵਾ ਵਿਖੇ

ਪ੍ਰਿੰਸੀਪਲ
ਬਾਬਾ ਗਾਂਧਾ ਸਿੰਘ ਪਬਲਿਕ ਸਕੂਲ,
ਭਦੌੜ (ਸੰਗਰੂਰ)।

ਮਿਤੀ,ਚੰਡੀਗੜ੍ਹ: 25.5.2005

ਵਿਸ਼ਾ:- ਸੀ.ਬੀ.ਐਸ.ਈ. ਨਵੀਂ ਦਿੱਲੀ ਨਾਲ ਅਫੀਲੀਏਸ਼ਨ ਕਰਾਉਣ ਲਈ ਇਤਰਾਜ਼ਹੀਣਤਾ ਸਰਟੀਫਿਕੇਟ ਜਾਰੀ ਕਰਨ ਬਾਰੇ।

****

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਆਪਦੇ ਪੱਤਰ ਨੰ: ਨਿਲ ਮਿਤੀ ਨਿਲ ਦੇ ਹਵਾਲੇ ਵਿੱਚ।

2. ਆਪਦੇ ਸਕੂਲ ਦੀ ਮੈਨੇਜਮੈਂਟ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਸਮੇਤ ਹਲਫੀਆ ਬਿਆਨ, ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਸੰਗਰੂਰ ਅਤੇ ਡੀ.ਪੀ.ਆਈ.ਪ੍ਰਾਈਵੇਟ ਏਡਿਡ (ਸ) ਦੀਆਂ ਸਿਫਾਰਸ਼ਾਂ ਨੂੰ ਗਹੁ ਨਾਲ ਵਿਚਾਰਨ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਲੋੜੀਂਦਾ ਇਤਰਾਜ਼ਹੀਣਤਾ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਤੇ ਦਿੱਤਾ ਜਾਂਦਾ ਹੈ:-

1. ਭਵਿੱਖ ਵਿੱਚ ਕਿਸੇ ਵੀ ਸ਼ਿਕਾਇਤ/ਇੰਸਪੈਕਸ਼ਨ ਹੋਣ ਤੇ ਜੇਕਰ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਆਪ ਵੱਲੋਂ ਇਤਰਾਜ਼ਹੀਣਤਾ ਸਰਟੀਫਿਕੇਟ ਲੈਣ ਸਮੇਂ ਸਰਕਾਰ ਨੂੰ ਗਲਤ ਸੂਚਨਾ ਦੇ ਆਧਾਰ ਤੇ ਦਰਖਾਸਤ ਦਿੱਤੀ ਗਈ ਹੈ ਜਾਂ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਦੀ ਆਪ ਵੱਲੋਂ ਪਾਲਣਾ ਨਹੀਂ ਕੀਤੀ ਜਾਂਦੀ ਅਤੇ ਇਸ ਤਰ੍ਹਾਂ ਹਲਫੀਆ ਬਿਆਨ ਵਿੱਚ ਦਿੱਤੀਆਂ ਲਿਖਤੀ ਸ਼ਰਤਾਂ ਨੂੰ ਨਹੀਂ ਮੰਨਿਆ ਜਾਂਦਾ ਰਿਹਾ, ਤਾਂ ਅਜਿਹੇ ਹਾਲਤ ਵਿੱਚ ਕਿਸੇ ਵੀ ਸਮੇਂ ਇਹ ਇਤਰਾਜ਼ਹੀਣਤਾ ਸਰਟੀਫਿਕੇਟ ਵਾਪਿਸ ਲਿਆ ਜਾ ਸਕਦਾ ਹੈ।
2. ਆਪ ਦੇ ਸਕੂਲ ਵਿੱਚ ਪੰਜਾਬੀ ਨੂੰ ਪੜ੍ਹਾਉਣਾ ਦਸਵੀਂ ਪੱਧਰ ਤੱਕ ਲਾਜ਼ਮੀ ਹੋਵੇਗਾ ਸੀ.ਬੀ.ਐਸ.ਈ. ਅਜਿਹੇ ਸਕੂਲਾਂ ਵਿੱਚ ਪੰਜਾਬੀ ਦਾ ਇਮਤਿਹਾਨ ਲੈਣ ਦਾ ਉਪਰਾਲਾ ਲਾਜ਼ਮੀ ਕਰੇਗਾ ਅਤੇ ਇਸ ਦੇ ਨਾਲ ਹੀ ਇਹ ਵੀ ਕਿਹਾ ਜਾਂਦਾ ਹੈ ਕਿ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਤਰਾਜ਼ਹੀਣਤਾ ਸਰਟੀਫਿਕੇਟ ਤੁਰੰਤ ਵਾਪਿਸ ਲੈ ਲਿਆ ਜਾਵੇਗਾ।

ਚਲਦਾ ਪੰਨਾ/2

Principal
Baba Gandha Singh Public School
BHADAUR

A-3

(17)

ਵੱਲੋ:-

ਜਿਲਾ ਸਿੱਖਿਆ ਅਫਸਰ(ਸ)
ਸੰਗਰੂਰ।

ਸੇਵਾ ਵਿਖੇ

ਡਾਇਰੈਕਟਰ,
ਸਿੱਖਿਆ ਵਿਭਾਗ(ਸ)ਪੰਜਾਬ,
ਚੰਡੀਗੜ੍ਹ।

ਪੱਤਰ ਨੰ: ਜੀ-6/( )04/ਐਨ.ਓ.ਸੀ/
ਮਿਤੀ ਸੰਗਰੂਰ:

ਵਿਸ਼ਾ:- ਇਤਰਾਜ਼ਹੀਣਤਾ ਸਰਟੀਫਿਕੇਟ ਪ੍ਰਾਪਤ ਕਰਨ ਸਬੰਧੀ ਕੇਸ -ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਭਦੌੜ।

****

ਉਪਰੋਕਤ ਵਿਸ਼ੇ ਦੇ ਸਬੰਧੀ ਲਿਖਿਆ ਜਾਂਦਾ ਹੈ ਕਿ ਸੀ.ਬੀ.ਐਸ.ਸੀ.ਦਿੱਲੀ ਤੋ ਇਤਰਾਜ਼ਹੀਣਤਾ ਸਰਟੀਫਿਕੇਟ ਪ੍ਰਾਪਤ ਕਰਨ ਲਈ ਕੇਸ ਨਾਲ ਨੱਥੀ ਕਰਕੇ ਸਿਫਾਰਸ਼/ਸੰਮਤੀ ਸਹਿਤ ਭੇਜਿਆ ਜਾਂਦਾ ਹੈ।

ਨੱਥੀ:- ਕੇਸ

ਜਿਲਾ ਸਿੱਖਿਆ ਅਫਸਰ(ਸ)
ਸੰਗਰੂਰ।

ਪਿੱਠ ਅੰਕਣ ਨੰ:/ਮਿਤੀ ਉਕਤ

ਉਤਾਰਾ ਪ੍ਰਿੰਸੀਪਲ ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਭਦੌੜ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਜਿਲਾ ਸਿੱਖਿਆ ਅਫਸਰ(ਸ)
ਸੰਗਰੂਰ।

Principal
Baba Gandha Singh Public School
BHADAUR

1749

The School has all the requisite qualities to obtain a 'No Objection Certificate' which is recommended ..

Date ...........

Principal
Baba Gandha Singh Public School
BHADAUR

D.E.O(S)
Sangrur